ੴ
ਸ਼ੁਭ ਕਰਮਨ ਤੇ ਕਬਹੂੰ ਨ ਟਰੋਂ।।
Phone : 0161-2450352
Mob: 99140 17085

# ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ

ਕੇਂਦਰੀ ਦਫਤਰ : ਮਾਡਲ ਟਾਊਨ ਐਕਸਟੈਨਸ਼ਨ, ਲੁਧਿਆਣਾ-141002
E-mail: info@ggssc.net Website: www.ggssc.net




## ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਗੁਰਦਾਸਪੁਰ ਜ਼ੋਨ, ਵੱਲੋਂ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਉਤਸਵ "ਸੇਵਾ ਦਿਵਸ" ਵਜੋਂ ਮਨਾਇਆ।

ਗੁਰੂ ਸਾਹਿਬ ਦੀ ਕ੍ਰਿਪਾ ਸਦਕਾ ਅੱਜ ਮਿਤੀ 03-08-2024 ਨੂੰ ਗੁਰਦਾਸਪੁਰ- ਪਠਾਨਕੋਟ ਜ਼ੋਨ ਵੱਲੋਂ ਗੁਰਦਾਸਪੁਰ ਸ਼ਹਿਰ ਦੇ 25 ਹਸਪਤਾਲਾਂ ਅਤੇ 01 ਬਿਰਧ ਆਸ਼ਰਮ ਵਿੱਚ ਜਾ ਕੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਉਤਸਵ ਨੂੰ ਸਮਰਪਿਤ "ਸੇਵਾ ਦਿਵਸ" ਮਨਾਇਆ ਗਿਆ।ਸਟੱਡੀ ਸਰਕਲ ਦੇ ਸੇਵਾਦਾਰਾਂ ਅਤੇ ਗਿਆਨ ਅੰਜਨ ਪਬਲਿਕ ਹਾਈ ਸਕੂਲ, ਗੁਰਦਾਸਪੁਰ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਹਸਪਤਾਲਾਂ ਵਿੱਚ ਦਾਖਲ ਹਰ ਮਰੀਜ ਕੋਲ ਜਾ ਕੇ ਉਹਨਾਂ ਦਾ ਹਾਲ ਪੁਛਿਆ ਅਤੇ ਉਹਨਾਂ ਦੀ ਦੇਹ ਅਰੋਗਤਾ ਲਈ ਅਰਦਾਸ ਕਰਨ ਉਪਰੰਤ ਮਰੀਜਾਂ ਨੂੰ ਫਲ, ਗੁਰੂ ਸਾਹਿਬ ਦੀ ਜੀਵਨੀ ਤੇ ਫ੍ਰੀ ਲਿਟਰੇਚਰ, ਨਿਤਨੇਮ ਅਤੇ ਸੁਖਮਨੀ ਸਾਹਿਬ ਦੀਆਂ ਪੋਥੀਆਂ ਭੇਟ ਕੀਤੀਆਂ ਗਈਆਂ।ਇਸ ਕਾਰਜ ਲਈ 8 ਟੀਮਾਂ ਦਾ ਅਯੋਜਿਤ ਕੀਤਾ ਗਿਆ ਸੀ ਇਹਨਾਂ ਟੀਮਾਂ ਵੱਲੋਂ ਗੁਰਦਾਸਪੁਰ ਸਹਿਰ ਦੇ 25 ਹਸਪਤਾਲਾਂ ਵਿੱਚ ਜਾ ਕੇ ਤਕਰੀਬਨ 450 ਦਾਖਲ ਮਰੀਜਾਂ ਤੱਕ ਪਹੁੰਚ ਕੀਤੀ ਅਤੇ ਉਹਨਾਂ ਦੀ ਤੰਦਰੁਸਤੀ ਲਈ ਅਰਦਾਸਾਂ ਕੀਤੀਆਂ। ਅੰਤ ਵਿੱਚ ਸਾਰੀਆਂ ਟੀਮਾਂ ਬਾਬਾ ਗੁਰਦਿੱਤ ਸਿੰਘ ਕਲਸੀ ਹਸਪਤਾਲ ਵਿੱਚ ਪਹੁੰਚੀਆਂ ਅਤੇ ਹਸਪਤਾਲ ਵਿੱਚ ਦਾਖਲ ਬੱਚਿਆ ਦੀ ਤੰਦਰੁਸਤੀ ਲਈ ਅਰਦਾਸ ਕੀਤੀ।ਹਸਪਤਾਲ ਦੇ ਮੁੱਖੀ ਡਾ. ਗੁਰਖੇਲ ਸਿੰਘ ਕਲਸੀ ਨੇ ਸਟੱਡੀ ਸਰਕਲ ਦੇ ਸੇਵਾਦਾਰਾਂ ਵੱਲੋਂ ਮਨਾਏ ਗਏ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਉਤਸਵ ਨੂੰ ਸਮਰਪਿਤ "ਸੇਵਾ ਦਿਵਸ" ਦੀ ਸ਼ਲਾਘਾ ਕੀਤੀ ਅਤੇ ਸਾਰੇ ਸੇਵਾਦਾਰਾਂ ਨੂੰ ਲੰਗਰ ਛਕਾਇਆ। ਇਸ ਸੇਵਾ ਕਾਰਜ ਵਿੱਚ ਡਾ. ਹਰਪਾਲ ਸਿੰਘ ਰੰਧਾਵਾ, ਡਾ. ਗੁਰਦੇਵ ਸਿੰਘ, ਡਾ. ਜੋਹਰ ਸਿੰਘ, ਸ੍ਰ. ਓਂਕਾਰ ਸਿੰਘ, ਸ੍ਰ. ਸੰਪੂਰਣ ਸਿੰਘ, ਸ੍ਰ. ਸਰਬਜੀਤ ਸਿੰਘ, ਪ੍ਰਿ. ਜਗਦੀਸ਼ ਕੌਰ, ਭੈਣ ਰੁਪਿੰਦਰ ਕੌਰ ਕੁਆਰਡੀਨੇਟਰ, ਭੈਣ ਬਲਵਿੰਦਰ ਕੌਰ, ਤੋਂ ਇਲਾਵਾ ਸਹਿਰ ਦੇ ਹੋਰ ਬਹੁਤ ਸਾਰੇ ਵਲੰਟੀਅਰ ਵੀਰਾਂ ਭੈਣਾਂ ਨੇ ਯੋਗਦਾਨ ਪਾਇਆ।ਸਾਰੇ ਹਸਪਤਾਲਾਂ ਦੇ ਮੁੱਖੀਆਂ ਵੱਲੋਂ ਸਟੱਡੀ ਸਰਕਲ ਦੇ ਇਸ ਕਾਰਜ ਨੂੰ ਭਰਵਾਂ ਹੁੰਗਾਰਾ ਮਿਲਿਆ। ਅਕਾਲ ਪੁਰਖ ਦੀ ਕ੍ਰਿਪਾ ਨਾਲ ਸਾਰਾ ਕਾਰਜ ਚੜ੍ਹਦੀ ਕਲਾ ਵਿੱਚ ਸੰਪੂਰਨ ਹੋਇਆ।

ਰਸ਼ਪਾਲ ਸਿੰਘ